# ਨੈਪੋਲੀਅਨ ਬੋਨਾਪਾਰਟ

-ਰਚਿਤ-

ਸ੍ਰ: ਐਸ. ਐਸ. ਚਰਨਸਿੰਘ
'ਸ਼ਹੀਦ'

DYAL SINGH
LAHORE.
LIBRARY.

ਮੋਖ-ਇਕ ਰੁਪੱਯਾ
੧)

ਪੁਸਤਕ ਮਿਲਨ ਦਾ ਪਤਾ-
ਭਾਈ ਚਤਰ ਸਿੰਘ ਜੀਵਨਸਿੰਘ ਪੁਸਤਕਾਂਵਾਲੇ,
ਬਜ਼ਾਰ ਮਾਈ ਸੇਵਾਂ, ਅਮ੍ਰਿਤਸਰ

# ਭੂਮਿਕਾ

ਜਾਪਾਨ ਦੀਆਂ ਪਾਠਸ਼ਾਲਾਂ ਵਿਚ ਸਾਰਿਆਂ ਤੋਂ ਪਹਿਲਾਂ ਪੜ੍ਹਾਈ ਜਾਣ ਵਾਲੀ ਪੁਸਤਕ ਨੈਪੋਲੀਅਨ ਦਾ ਜੀਵਨ ਚਰਿਤ੍ਰ ਹੈ। ਏਸ ਅਸਾਧਾਰਨ ਆਦਮੀ ਦਾ ਜੀਵਨ ਚਰਿਤ੍ਰ ਹੈ ਵੀ ਅਜੇਹਾ ਹੀ ਕਿ ਹਰੇਕ ਬਾਲਕ ਜੁਆਨ ਤੇ ਬ੍ਰਿਧ ਆਦਮੀ ਨੂੰ ਏਸ ਦਾ ਪਾਠ ਜ਼ਰੂਰ ਹੀ ਕਰਨਾ ਚਾਹੀਦਾ ਹੈ। ਬਾਲਕ ਏਸ ਤੋਂ ਉਤਸ਼ਾਹ ਤੇ ਤਾਕਤ ਦਾ ਸਬਕ ਲੈ ਸਕਦੇ ਹਨ, ਜਵਾਨ ਏਸ ਤੋਂ ਆਪਣੀਆਂ ਅਸੰਭਵ ਇੱਛਾਂ ਦੇ ਪੂਰੇ ਕਰਨ ਦਾ ਸਬਕ ਸਿੱਖ ਸਕਦੇ ਹਨ ਅਤੇ ਬ੍ਰਿਧ ਏਸ ਤੋਂ ਆਪਣੇ ਅੰਤਮ-ਜੀਵਨ ਨੂੰ ਸਬਰ ਤੇ ਸੰਤੋਖ ਵਾਲਾ ਬਣਾ ਸਕਦੇ ਹਨ। ਕਿਉਂਕਿ ਕਿਸੇ ਵੀ ਸਧਾਰਨ ਆਦਮੀ ਦਾ ਅੰਤਮ-ਜੀਵਨ ਓਨਾ ਦੁਖ ਭਰਿਆ ਨਹੀਂ ਹੋ ਸਕਦਾ ਜਿੰਨਾ ਕਿ ਨੈਪੋਲੀਅਨ ਦਾ ਸੀ, ਜਿਸ ਜੀਵਨ ਦੀਆਂ ਸਾਰੀਆਂ ਹਾਲਤਾਂ ਤੋਂ ਆਦਮੀ ਉਪਦੇਸ਼ ਲੈ ਸਕਦਾ ਹੋਵੇ, ਉਸ ਦਾ ਸਾਡੀ ਪਜਾਰੀ ਗੁਰਮੁਖੀ (ਪੰਜਾਬੀ) ਵਿੱਚ ਹੋਣਾ ਵੀ ਜ਼ਰੂਰੀ ਸੀ।

ਗੁਰਮੁਖੀ ਪੜ੍ਹੇ ਸੱਜਣਾਂ ਦੇ ਸੁਆਦ, ਗਿਆਨ ਅਤੇ ਪੰਜਾਬੀ ਦੇ ਵਾਧੇ ਲਈ ਏਹ ਪੁਸਤਕ ਹਿੰਦੀ ਦੇ 'ਨੈਪੋਲੀਅਨ ਬੋਨਾ ਪਾਰਟ" ਦਾ ਸੁਤੰਤ੍ਰ ਉਲਥਾ ਕਰਕੇ ਪਾਠਕਾਂ ਦੀ ਭੇਟਾ ਕੀਤਾ ਜਾਂਦਾ ਹੈ। ਏਹ ਕਹਿਣ ਦੀ ਜ਼ਰੂਰਤ ਨਹੀਂ ਕਿ ਅਜੇਹੇ ਪੁਸਤਕਾਂ ਦੀ ਪੰਜਾਬੀ ਵਿੱਚ ਵੱਡੀ ਭਾਰੀ ਲੋੜ ਹੈ, ਅਜੇਹੇ ਪੁਸਤਕਾਂ ਤੋਂ ਜੋ ਕੁਝ ਲਾਭ ਤੇ ਉਪਦੇਸ਼ ਮਿਲ

ਸਕਦੇ ਹਨ, ਓਹ ਏਸਦੇ ਇਕ ਵੇਰ ਦੇ ਪਾਠ ਤੋਂ ਹੀ ਪ੍ਰਤੀਤ ਹੋ ਜਾਣਗੇ। ਉਰਦੂ, ਹਿੰਦੀ ਤੇ ਅੰਗ੍ਰੇਜ਼ੀ ਆਦਿ ਦਾ ਖਜ਼ਾਨਾ ਬੜੀਆਂ ਬੜੀਆਂ ਲਾਭਦਾਇਕ ਪੁਸਤਕਾਂ ਨਾਲ ਭਰਿਆ ਪਿਆ ਹੈ, ਪਰ ਪੰਜਾਬੀ ਦੇ ਪਿਆਰਿਆਂ ਦੇ ਸੁੱਕੇ ਪ੍ਰੇਮ ਕਰਕੇ ਅਜੇ ਤੱਕ ਪੰਜਾਬੀ ਦਾ ਭੰਡਾਰ ਕਈ ਪਾਸਿਆਂ ਤੋਂ ਸੱਖਣਾ ਪਿਆ ਹੈ। ਜੇਕਰ ਪੰਜਾਬੀ ਦੀ ਉੱਨਤੀ ਅਰ ਪੰਜਾਬੀ ਵਿੱਚ ਉੱਤਮ ਪੁਸਤਕਾਂ ਦੇਖਣ ਦੇ ਚਾਹਵਾਨਾਂ ਨੇ ਏਸ ਨਿਮਾਣੀ ਪੁਸਤਕ ਦੀ ਯੋਗ ਕਦਰ ਕਰਕੇ ਪ੍ਰਕਾਸ਼ਕ ਅਤੇ ਲੇਖਕ ਦੇ ਹੌਸਲੇ ਨੂੰ ਵਧਾਯਾ ਤਾਂ ਬਹੁਤ ਛੇਤੀ ਅਜੇਹੀਆਂ ਕਈ ਪੁਸਤਕਾਂ ਪ੍ਰਕਾਸ਼ਤ ਹੋਣ ਦੀ ਆਸ ਹੋ ਸਕਦੀ ਹੈ।

ਸ੍ਰੀ ਅੰਮ੍ਰਿਤਸਰ
੫ ਮਈ ੧੯੧੧ ਐਸ. ਐਸ. ਚਰਨ ਸਿੰਘ 'ਸ਼ਹੀਦ'

ੴ ਸਤਿਗੁਰਪ੍ਰਸਾਦਿ ॥

ਜੀਵਨ ਚਰਿੱਤ੍ਰ

# ਨੈਪੋਲੀਅਨ ਬੋਨਾ ਪਾਰਟ

## ਪਹਿਲਾ ਕਾਂਡ

ਵਿਦਵਾਨਾਂ ਦਾ ਕਥਨ ਹੈ ਕਿ ਏਸ ਸੰਸਾਰ ਵਿਚ ਕੋਈ ਕੰਮ ਬਿਨਾ ਮਤਲਬ ਨਹੀਂ ਹੁੰਦਾ, ਬਿਨਾ ਕਿਸੇ ਕੰਮ ਦੇ ਇੱਕ ਤੀਲੇ ਦਾ ਵੀ ਐਧਰੋਂ ਔਧਰ ਹੋਣਾ ਅਸੰਭਵ ਹੈ, ਅਤੁਲ ਸ਼ਕਤੀ ਦੇ ਮਾਲਕ ਪ੍ਰਮਾਤਮਾ ਦੀ ਸ੍ਰਿਸ਼ਟੀ ਵਿੱਚ ਕੋਈ ਗੱਲ ਬਿਨਾ ਮਤਲਬ ਕਿਸ ਤਰ੍ਹਾਂ ਹੋ ਸਕਦੀ ਹੈ। ਵਿਦਵਾਨਾਂ ਦਾ ਏਹ ਕਥਨ ਓਸ ਵੇਲੇ ਹੋਰ ਵੀ ਸੱਚਾ ਪ੍ਰਤੀਤ ਹੋਣ ਲੱਗ ਪੈਂਦਾ ਹੈ; ਜਦੋਂ ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਵਲੋਂ ਆਪਣਾ ਧਿਆਨ ਪਰੇ ਕਰ ਕੇ ਵੱਡੀਆਂ ਵੱਡੀਆਂ ਗੱਲਾਂ ਵੱਲ ਗਹੁ ਕਰਦੇ ਹਾਂ। ਵੱਡੇ ਵੱਡੇ ਵਿਦਵਾਨਾਂ ਨੇ ਬੜੇ ਬੜੇ ਯਤਨ ਕਰ ਕੇ ਏਹ ਗੱਲ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਸੰਸਾਰ ਦੇ ਤਮਾਸ਼ਾ ਘਰ ਵਿੱਚ ਜੋ ਜੋ ਅਦਭੁਤ ਤਮਾਸ਼ੇ ਹੁੰਦੇ ਹਨ, ਜੋ ਜੋ ਹੈਰਾਨੀਦਾਇਕ ਜਾਂ ਗ਼ੈਰ ਮਾਮੂਲੀ ਗੱਲਾਂ ਹੁੰਦੀਆਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.